# ANGEL'S PUBLIC SCHOOL

Strive for Perfection

**PERIODIC TEST – II SESSION 2025 – 26**

**CLASS – X CODE – 004**

**TIME : 1. 30 MIN.** **SUBJECT : PUNJABI** **M.M = 40**

**ਨੋਟ - ਸਾਰੇ ਪ੍ਰਸ਼ਨ ਜ਼ਰੂਰੀ ਹਨ ।**

**ਲਿਖਾਈ ਸਾਫ਼ - ਸੁਥਰੀ ਕਰੋ ।**

## ਭਾਗ - ੳ (10)

**(ੳ) ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜੋ ਅਤੇ ਪ੍ਰਸ਼ਨਾਂ ਦੇ ਉੱਤਰ ਲਿਖੋ ।** (7)

**1.** ਕੇਵਲ ਸਾਹਿਤ ਦੇ ਮਾਧਿਅਮ ਦੁਆਰਾ ਹੀ ਨਹੀਂ, ਸਗੋਂ ਵਿੱਦਿਅਕ ਖੇਤਰ ਵਿੱਚ ਵੀ ਅਸਲੀ ਪ੍ਰਯੋਗ ਕਰਕੇ ਟੈਗੋਰ ਨੇ ਲਾਸਾਨੀ ਵਿੱਦਿਅਕ ਪ੍ਰਨਾਲੀ ਪੇਸ਼ ਕੀਤੀ। ਉਸਨੇ ਆਪਣੇ ਸੰਦੇਸ਼ ਆਪਣੀ ਬੋਲੀ ਵਿੱਚ ਦੇਣ ਦਾ ਬੀੜਾ ਚੁੱਕਿਆ। ਉਹ ਉਹਨਾਂ ਸੰਸਥਾਵਾਂ ਨੂੰ ਨਫ਼ਰਤ ਕਰਦਾ ਸੀ ਜਿੱਥੇ ਬੱਚਿਆਂ ਦੇ ਮਾਂ-ਬੋਲੀ ਵਿੱਚ ਫੁੱਟਦੇ ਮੌਲਿਕ ਵਿਚਾਰਾਂ ਨੂੰ ਵਿਗਸਣ ਨਹੀਂ ਸੀ ਦਿੱਤਾ ਜਾਂਦਾ। ਉਹ ਨਹੀਂ ਸੀ ਚਾਹੁੰਦਾ ਕਿ ਜਮਾਤਾਂ ਵਿੱਚ ਬੱਚੇ ਪੱਥਰ ਦੇ ਬੁੱਤ ਜਾਂ ਅਜਾਇਬ-ਘਰ ਦੀਆਂ ਵਸਤਾਂ ਵਾਂਗ ਹੋਣ। ਕੁਦਰਤੀ ਨਜ਼ਾਰਿਆਂ ਵਿੱਚ ਖਿੱਲੀਆਂ ਪਾਉਂਦੇ, ਮੀਂਹ ਵਿੱਚ ਨੰਗ-ਧੜੰਗ ਭੱਜਦੇ ਫ਼ਿਰਦੇ ਮੋਹ-ਪਿਆਰ ਵਿੱਚ ਭਿੱਜੇ ਬੱਚਿਆਂ ਨੂੰ ਵੇਖ ਕੇ ਟੈਗੋਰ ਫੁਲਿਆ ਨਹੀਂ ਸੀ ਸਮਾਉਂਦਾ। ਉਹ ਚਾਹੁੰਦਾ ਸੀ ਕਿ ਹਰ ਨਵੀਂ ਸਵੇਰ ਜ਼ਿੰਦਗੀ ਦੇ ਨਵੀਨ ਪਹਿਲੂਆਂ ਬਾਰੇ ਬੱਚਿਆਂ ਨੂੰ ਪ੍ਰੇਰਨਾ ਦੇਵੇ। ਪੁਰਾਣੀਆਂ ਰਵਾਇਤਾਂ ਦਾ ਖ਼ਾਤਮਾ ਜ਼ਰੂਰੀ ਹੈ। ਸਮੇਂ ਅਨੁਸਾਰ ਹੋਈ ਤਬਦੀਲੀ ਸਿਰਜਣਾਤਮਕਤਾ ਦੀ ਸੂਚਕ ਹੈ। ਇਸ ਦੁਆਰਾ ਸੱਭਿਆਚਾਰ ਨਰੋਆ ਹੁੰਦਾ ਹੈ।

ਉਪਰੋਕਤ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਦਿੱਤੇ ਹੋਏ ਪ੍ਰਸ਼ਨਾਂ ਦੇ ਉੱਤਰ ਦਿਓ—

ਪ੍ਰਸ਼ਨ 1. ਕਿਹੜੀਆਂ ਸੰਸਥਾਵਾਂ ਨੂੰ ਟੈਗੋਰ ਨਫ਼ਰਤ ਕਰਦਾ ਸੀ ? (2)

ਪ੍ਰਸ਼ਨ 2. ਬੱਚਿਆਂ ਬਾਰੇ ਟੈਗੋਰ ਦੇ ਕਿਸ ਤਰ੍ਹਾਂ ਦੇ ਵਿਚਾਰ ਸਨ ? (2)

ਪ੍ਰਸ਼ਨ 3. ਟੈਗੋਰ ਨੂੰ ਬੱਚੇ ਕਦੋਂ ਚੰਗੇ ਲੱਗਦੇ ਸਨ ? (2)

ਪ੍ਰਸ਼ਨ 4. ਪੈਰੇ ਦਾ ਢੁਕਵਾਂ ਸਿਰਲੇਖ ਲਿਖੋ। (1)

**(ਅ) ਹੇਠ ਲਿਖੀ ਕਾਵਿ - ਟੁਕੜੀ ਨੂੰ ਪੜੋ ਅਤੇ ਪ੍ਰਸ਼ਨਾਂ ਦੇ ਉੱਤਰ ਲਿਖੋ ।** (3)

ਸਾਡੀ ਪਿੱਠ 'ਤੇ ਖੜ੍ਹਾ ਇਤਿਹਾਸ ਸਾਡਾ,
ਸਾਨੂੰ ਮਾਣ ਹੈ ਲਹੂ ਦੇ ਰੰਗ ਉੱਤੇ।
ਅਸੀਂ ਜਾਣਦੇ ਕਿੰਵ ਕੁਰਬਾਨ ਹੋਣਾ,
ਸੋਹਣੇ ਦੇਸ਼ ਦੀ ਇੱਕ ਵੀ ਮੰਗ ਉੱਤੇ।
ਜਦੋਂ ਅੰਬਾਂ ਨੂੰ ਲੱਗਿਆ ਬੂਰ ਹੋਵੇ,
ਕੋਇਲ ਆਣ ਕੇ ਓਸ ਥਾਂ ਚਹਿਕਦੀ ਹੈ।
ਜਿੱਥੇ-ਜਿੱਥੇ ਸ਼ਹੀਦਾਂ ਦੀ ਰੱਤ ਡੁੱਲ੍ਹੇ,
ਓਥੇ ਫ਼ਸਲ ਗੁਲਾਬ ਦੀ ਮਹਿਕਦੀ ਹੈ।

*(i)* ਸਾਡੀ ਪਿੱਠ 'ਤੇ ਕੌਣ ਖੜ੍ਹਾ ਹੈ ?

*(ii)* ਸਾਨੂੰ ਕਿਸ ਦੇ ਰੰਗ 'ਤੇ ਮਾਣ ਹੈ ?

*(iii)* ਕੋਇਲ ਕਿਸ ਥਾਂ ਆ ਕੇ ਚਹਿਕਦੀ ਹੈ ?

## ਭਾਗ - ਅ (ਵਿਆਕਰਨ)

**(ੲ) ਕਿਰਿਆ ਵਿਸ਼ੇਸ਼ਣ ਨਾਲ ਸੰਬੰਧਤ ਬਹੁ ਵਿਕਲਪੀ ਪ੍ਰਸ਼ਨ (ਕੋਈ ਚਾਰ ਕਰੋ ) :–** **(4x=4)**

**(1)** ਕਿਰਿਆ ਦੀ ਵਿਸ਼ੇਸ਼ਤਾ ਦੱਸਣ ਵਾਲੇ ਸ਼ਬਦਾਂ ਨੂੰ ਕੀ ਕਿਹਾ ਜਾਂਦਾ ਹੈ ?

(ੳ) ਕਿਰਿਆ (ਅ) ਪੜਨਾਂਵ (ੲ) ਕਿਰਿਆ ਵਿਸ਼ੇਸ਼ਣ (ਸ) ਵਿਸ਼ੇਸ਼ਣ

**(2)** ''ਉਹ ਤੇਜ਼ ਦੌੜਦਾ ਹੈ । '' ਵਾਕ ਵਿੱਚੋਂ ਕਿਰਿਆ ਵਿਸ਼ੇਸ਼ਣ ਚੁਣੋ :-

(ੳ) ਦੌੜਦਾ (ਅ) ਹੈ (ੲ) ਤੇਜ਼ (ਸ) ਉਹ

**(3)** ਕਾਲ ਵਾਚਕ ਕਿਰਿਆ ਵਿਸ਼ੇਸ਼ਣ ਕਿਰਿਆ ਦਾ ਕੀ ਦੱਸਦੇ ਹਨ ?

(ੳ) ਨਤੀਜਾ (ਅ) ਸਮਾਂ (ੲ) ਭਾਵ (ਸ) ਪਰਿਮਾਣ

**(4)** ਉਹ ਸਵੇਰੇ ਪਹੁੰਚਿਆ ।

(ੳ) ਸਥਾਨ - ਵਾਚਕ ਕਿਰਿਆ ਵਿਸ਼ੇਸ਼ਣ (ਅ) ਕਾਰਨ - ਵਾਚਕ ਕਿਰਿਆ ਵਿਸ਼ੇਸ਼ਣ

(ੲ) ਕਾਲ - ਵਾਚਕ ਕਿਰਿਆ ਵਿਸ਼ੇਸ਼ਣ (ਸ) ਪ੍ਰਕਾਰ - ਵਾਚਕ ਕਿਰਿਆ ਵਿਸ਼ੇਸ਼ਣ

**(5)** ਨਿਸ਼ਚੇਵਾਚਕ ਕਿਰਿਆ - ਵਿਸ਼ੇਸ਼ਣ ਚੁਣੋ :-

(ੳ) ਬਿਲਕੁਲ , ਬੇਸ਼ੱਕ (ਅ) ਇਸ ਕਰਕੇ, ਤਾਂ ਹੀ (ੲ) ਚੌੜਾ, ਰਤਾ ਕੁ (ਸ) ਸੱਜੇ ਖੱਬੇ

**(ਹ) ਮੁਹਾਵਰੇ ਨਾਲ ਸੰਬੰਧਤ ਸ਼ਬਦਾਂ ਨੂੰ ਵਾਕਾਂ ਵਿੱਚ ਲਿਖੋ ।** **(4x=4)**

**(1)** ਛੱਜ ਵਿੱਚ ਪਾ ਕੇ ਛੱਟਣਾ **(2)** ਛੱਕੇ ਛੁਡਾਉਣਾ **(3)** ਜੀਭ ਨੂੰ ਲਗਾਮ ਦੇਣਾ **(4)** ਜੀਅ ਭਰ ਆਉਣਾ

## ਪਾਠ ਪੁਸਤਕਾਂ ਤੇ ਆਧਾਰਤ ਬਹੁ ਵਿਕਲਪੀ ਪ੍ਰਸ਼ਨ **(5x1=5)**

**(ਸ)** (1) ਸਿੱਖ ਦੀ ਅਰਦਾਸ ਕਿਸ ਦੇ ਭਲੇ ਦੀ ਮੰਗ ਤੇ ਖ਼ਤਮ ਹੁੰਦੀ ਹੈ ?

(ੳ) ਗਰੀਬ ਦੇ (ਅ) ਪਛੜੇ ਹੋਏ ਲੋਕਾਂ ਦੇ (ੲ) ਸਰਬੱਤ ਦੇ (ਸ) ਪੇਂਡੂ ਲੋਕਾਂ ਦੇ

(2) ਜੂਨਾਂ ਦੀ ਗਿਣਤੀ ਕਿੰਨੀ ਦੱਸੀ ਗਈ ਹੈ ?

(ੳ) ਪੰਜਾਹ ਲੱਖ (ਅ) ਸੱਤਰ ਲੱਖ (ੲ) ਅੱਸੀ ਲੱਖ (ਸ) ਚੁਰਾਸੀ ਲੱਖ

(3) ਗੱਲ ਵਿੱਚ ਝੋਲਾ ਲਟਕਾਈ ਕੌਣ ਆਇਆ ਸੀ ?

(ੳ) ਨੌਕਰ (ਅ) ਡਾਕੀਆ (ੲ) ਬੱਚਾ (ਸ) ਹੱਟੀ ਵਾਲਾ

(4) ਕਿਸ ਨੇ ਮਨਜੀਤ ਨੂੰ ਆਪਣੇ ਪਤੀ ਦਾ ਨਾਂ ਲੈਣ ਤੋਂ ਰੋਕਿਆ ?

(ੳ) ਗੁਰਦਿੱਤ ਸਿੰਘ ਨੇ (ਅ) ਸੁਖਦੇਵ ਕੌਰ ਨੇ (ੲ) ਨਿਹਾਲ ਕੌਰ ਨੇ (ਸ) ਸੁਖਰਾਜ ਨੇ

(5) ਅੱਜਕਲ੍ਹ ਦੀਆਂ ਨੂੰਹਾਂ ਕਿਸ ਨੂੰ ਡਰਾ ਲੈਂਦੀਆਂ ਹਨ ?

(ੳ) ਸੱਸਾਂ ਨੂੰ (ਅ) ਸਹੁਰਿਆਂ ਨੂੰ (ੲ) ਪਤੀਆਂ ਨੂੰ (ਸ) ਰਿਸ਼ਤੇਦਾਰਾਂ ਨੂੰ

## ਭਾਗ - ਅ (ਵਰਨਣਾਤਮਕ ਪ੍ਰਸ਼ਨ)

**(6) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 20 - 25 ਸ਼ਬਦਾਂ ਵਿਚ ਦਿਓ :-** **(6x2=12)**

**(ੳ)** ਫ਼ੌਜ ਵਿੱਚ ਕਰਮ ਸਿੰਘ ਨੂੰ ਕਿਹੜਾ ਆਲਸ ਸੀ ?

**(ਅ)** ਮਾਨ ਸਿੰਘ ਆਪਣੀ ਆਉ - ਭਗਤ ਤੇ ਹੈਰਾਨ ਕਿਉਂ ਸੀ ?

**(ੲ)** ਸੁਖਦੇਵ ਦਾ ਬਾਪੂ ਦੂਜਾ ਵਿਆਹ ਕਿਉਂ ਕਰਵਾਉਂਦਾ ਹੈ ?

**(ਸ)** ਅਰਦਾਸ ਕਦੋਂ ਅਤੇ ਕਿਉਂ ਕੀਤੀ ਜਾਂਦੀ ਹੈ ?

**(ਹ)** ਸਿੱਖ ਦੀ ਅਰਦਾਸ ਨਿਰਾਲੀ ਕਿਵੇਂ ਹੈ ?

**(ਕ)** ਨਿਹਾਲ ਕੌਰ ਘੜੀ ਦੇਖੇ ਬਿਨਾਂ ਸਾਰੇ ਕੰਮ ਕਿਵੇਂ ਵੇਲੇ ਸਿਰ ਕਰ ਲੈਂਦੀ ਸੀ ?

**(7) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 40 - 50 ਸ਼ਬਦਾਂ ਵਿੱਚ ਦਿਓ :-** **(3x1=3)**

ਸਤਿਗੁਰ ਨਾਨਕ ਪ੍ਰਗਟਿਆ'' ਦਾ ਕੇਂਦਰੀ ਭਾਵ ਲਿਖੋ ।

ਜਾਂ

ਭਾਈ ਗੁਰਦਾਸ ਜੀ ਨੇ ''ਸਤਿਗੁਰੂ ਨਾਨਕ ਪ੍ਰਗਟਿਆ'' ਪਉੜੀ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਧਾਰਨ ਨਾਲ ਸਮਾਜ ਵਿੱਚ ਕਿਹੜੇ ਪਰਿਵਰਤਨ ਦਾ ਵਰਨਣ ਕੀਤਾ ਹੈ ? ਆਪਣੇ ਸ਼ਬਦਾਂ ਵਿੰਚ ਲਿਖੋ :-

**(8) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 40 - 50 ਸ਼ਬਦਾਂ ਵਿੱਚ ਦਿਓ :-** **(3x1=3)**

ਪ੍ਰਾਰਥਨਾ ਕਰਨ ਨਾਲ ਕੈਦੀ ਦੇ ਮਨ ਵਿੱਚ ਕਿਹੋ - ਜਿਹੀ ਤਬਦੀਲੀ ਆਈ ?

**ਜਾਂ**

ਲੇਖਕ ਅਨੁਸਾਰ ਮਨੁੱਖ ਨੂੰ ਸਮਾਜ ਵਿੱਚ ਕਿਵੇਂ ਵਿਚਰਨਾ ਚਾਹੀਦਾ ਹੈ ?

**(9) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ (40-50) ਸ਼ਬਦਾਂ ਵਿੱਚ ਲਿਖੋ ।** **(3x1=3)**

ਕਰਮ ਸਿੰਘ ਦੇ ਬਾਪੂ ਨੇ ਮਾਨ ਸਿੰਘ ਤੋਂ ਕਿਹੜੀ ਗੱਲ ਛੁਪਾਈ ਅਤੇ ਕਿਉਂ ?

**ਜਾਂ**

''ਦੂਜਾ ਵਿਆਹ'' ਇਕਾਂਗੀ ਤੋਂ ਮਿਲਦੀ ਸਿੱਖਿਆ ਬਾਰੇ ਜਾਣਕਾਰੀ ਦਿਓ :-

## ਪ੍ਰਭਾਵਸ਼ਾਲੀ ਲਿਖਣ ਕੌਸ਼ਲ

**(10) ਕਿਸੇ ਇਕ ਵਿਸ਼ੇ ਤੇ ਲਿਖੋ**

**ਪਾਣੀ ਦੀ ਮਹੱਤਤਾ ਅਤੇ ਸੰਭਾਲ** **(6x1=6)**

**ਨੁਕਤੇ :-** ਭੂਮਿਕਾ, ਪਾਣੀ ਦੇ ਸਾਧਨ, ਵਰਖਾ ਦਾ ਪਾਣੀ, ਧਰਤੀ ਦੇ ਹੇਠਲਾ ਪਾਣੀ, ਸਮੁੰਦਰਾਂ ਨਦੀਆਂ ਦਾ ਪਾਣੀ, ਪਾਣੀ ਦੀ ਵਰਤੋਂ, ਪਾਣੀ ਦੀ ਘਾਟ ਆਉਣ ਦੇ ਕਾਰਨ, ਪਾਣੀ ਦੀ ਸੰਭਾਲ, ਸਾਰਾਂਸ ।

ਮੋਬਾਇਲ ਫ਼ੋਨ

**ਨੁਕਤੇ :-** ਮੋਬਾਇਲ ਫ਼ੋਨ ਦਾ ਚਮਤਕਾਰ, ਹਰ ਘਰ ਵਿੱਚ ਕਈ - ਕਈ ਫ਼ੋਨ, ਮੋਬਾਇਲ ਦਾ ਇਤਿਹਾਸ, ਮੋਬਾਇਲ ਦੇ ਲਾਭ ਅਤੇ ਨੁਕਸਾਨ

ਪ੍ਰਦੂਸ਼ਣ ਦੀ ਸਮੱਸਿਆ

**ਨੁਕਤੇ :-ਭੂ**ਮਿਕਾ, ਸਮੱਸਿਆਵਾਂ, ਕਾਰਨ, ਜਲ ਪ੍ਰਦੂਸ਼ਣ,ਹਵਾ ਪ੍ਰਦੂਸ਼ਣ, ਭੂਮੀ ਪ੍ਰਦੂਸ਼ਣ, ਸ਼ੋਰ - ਸ਼ਰਾਬਾ, ਨੁਕਸਾਨ, ਸੁਝਾਅ, ਸਾਰਾਂਸ਼ ।